# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।
## (ਕੋਵਿਡ-19 ਕੰਟਰੋਲ ਰੂਮ)

**ਹੁਕਮ**

ਸਿਵਲ ਸਰਜਨ, ਅੰਮ੍ਰਿਤਸਰ ਵੱਲੋਂ ਪੱਤਰ ਨੰਬਰ IDSP/20/610 ਮਿਤੀ 20.07.2020 ਰਾਹੀਂ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਦੇ ਪੱਤਰ ਨੰਬਰ IDSP/NHM/Pb/2020/5353-96 ਮਿਤੀ 21.05.2020 ਦਾ ਹਵਾਲਾ ਦਿੰਦੇ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੇ ਹੇਠ ਲਿਖੇ ਇਲਾਕਿਆਂ ਵਿਚ ਕੋਵਿਡ-19 ਦੇ 10 ਐਕਟਿਵ ਪੋਜ਼ਟਿਵ ਕੇਸ ਪਾਏ ਜਾਣ ਦੇ ਕਾਰਨ ਕੋਟ ਖਾਲਸਾ ਅਤੇ ਸ਼ਰੀਫਪੁਰਾ ਨੂੰ ਕੰਟਨੇਟਮੈਂਟ ਜ਼ੋਨ ਘੋਸ਼ਿਤ ਕਰਨ ਦੀ ਤਜ਼ਵੀਜ਼ ਇਸ ਦਫਤਰ ਨੂੰ ਪੇਸ਼ ਕੀਤੀ ਹੈ:-

| ਲੜੀ ਨੰਬਰ | ਇਲਾਕੇ ਦਾ ਨਾਮ | ਏਰੀਆ ਦੀ ਜਨਸੰਖਿਆ | ਐਕਟਿਵ ਕੋਵਿਡ-19 ਪੋਜ਼ਟਿਵ ਕੇਸਾਂ ਦੀ ਗਿਣਤੀ |
|---|---|---|---|
| 1 | ਕੋਟ ਖਾਲਸਾ | 500 | 5 |
| 2 | ਸ਼ਰੀਫਪੁਰਾ | 268 | 5 |
| | ਕੁੱਲ | | 10 |

ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰਬਰ IDSP/NHM/Pb/2020/5353-96 ਮਿਤੀ 21.05.2020 ਅਨੁਸਾਰ *"Containment zone may be defined as an area around the epicenter of cases in a village/ward based on the number (15 or more) of cases in a particular village ward. It can also be a small group of adjacent villages or wards. The physical perimeter of the containment zone should be defined clearly in terms of (a) access to area (roads/streets) (b) size of the area."*

ਇਸ ਲਈ ਸਿਵਲ ਸਰਜਨ, ਅੰਮ੍ਰਿਤਸਰ ਪਾਸੋਂ ਪੱਤਰ ਨੰਬਰ IDSP/20/610 ਮਿਤੀ 20.07.2020 ਰਾਹੀਂ ਪ੍ਰਾਪਤ ਹੋਈ ਤਜ਼ਵੀਜ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਖੇਤਰਾਂ ਨੂੰ Micro Containment Zone ਘੋਸ਼ਿਤ ਕੀਤਾ ਜਾਂਦਾ ਹੈ:-

| ਲੜੀ ਨੰਬਰ | ਇਲਾਕੇ ਦਾ ਨਾਮ | ਏਰੀਆ ਦੀ ਜਨਸੰਖਿਆ | ਐਕਟਿਵ ਕੋਵਿਡ-19 ਪੋਜ਼ਟਿਵ ਕੇਸਾਂ ਦੀ ਗਿਣਤੀ | ਤਹਿਸੀਲ |
|---|---|---|---|---|
| 1 | ਕੋਟ ਖਾਲਸਾ | 500 | 5 | ਅੰਮ੍ਰਿਤਸਰ-2 |
| 2 | ਸ਼ਰੀਫਪੁਰਾ | 268 | 5 | ਅੰਮ੍ਰਿਤਸਰ-1 |

ਉਪਰੋਕਤ ਏਰੀਆ ਵਿਚ ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਹੁਕਮ ਜੋ ਪੱਤਰ ਪਿੰਠਅੰਕਣ ਨੰਬਰ COVID-19/NHM/1476-1483 ਮਿਤੀ 18.06.2020 (ਕਾਪੀ ਨੱਥੀ) ਰਾਹੀਂ ਜ਼ਾਰੀ ਹੋਏ ਹਨ ਵਿੱਚ ਦਰਸਾਇਆਂ ਹਦਾਇਤਾਂ ਲਾਗੂ ਹੋਣਗੀਆਂ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

**ਪਿੰਠਅੰਕਣ ਨੰ: ਕੋਵਿਡ-19/** 2924-28 **ਮਿਤੀ:** 21/7/2020

ਇਸ ਦਾ ਇਕ ਉਤਾਰਾ:

1. ਵਧੀਕ ਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ।
2. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰੀ) ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕਿਆਂ ਵਿੱਚ ਕੰਨਟੇਨਮੈਂਟ ਜ਼ੋਨ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ।
3. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕਿਆਂ ਵਿੱਚ ਰੋਜ਼ਾਨਾ ਸਾਫ ਸਫਾਈ, ਸਪ੍ਰੇਅ ਅਤੇ ਸੈਨੀਟੇਸ਼ਨ ਕਰਵਾਈ ਜਾਵੇ।
4. ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ-1,2 ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕਿਆਂ ਵਿਚ ਕੰਨਟੇਨਮੈਂਟ ਜ਼ੋਨ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਇਆ ਜਾਵੇ।
5. ਸਿਵਲ ਸਰਜਨ, ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕਿਆਂ ਵਿਚ ਤੁਰੰਤ active surveillance ਸੁਰੂ ਕੀਤੀ ਜਾਵੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner